# ਤੱਥ ਪੱਤਰ

## ਤਲਾਕ

ਇਹ ਤੱਥ ਪੱਤਰ ਕੈਨੇਡਾ ਵਿੱਚ ਸੰਘੀ *ਤਲਾਕ ਅਧਿਨਿਯਮ* ਦੇ ਤਹਿਤ ਤਲਾਕ ਲੈਣ ਬਾਰੇ ਆਮ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਅਧਿਨਿਯਮ ਉਦੋਂ ਲਾਗੂ ਹੁੰਦਾ ਹੈ ਜਦੋਂ ਤਲਾਕ ਦੀ ਅਰਜ਼ੀ ਦੇਣ ਤੋਂ ਪਹਿਲਾਂ ਪਤੀ ਅਤੇ ਪਤਨੀ ਵਿੱਚੋਂ ਘੱਟੋ-ਘੱਟ ਇੱਕ ਜਣਾ ਕਨੇਡੀਅਨ ਸੂਬੇ ਜਾਂ ਖੇਤਰ ਵਿੱਚ ਘੱਟੋ-ਘੱਟ ਇੱਕ ਸਾਲ ਲਈ ਰਿਹਾ/ਰਹੀ ਹੈ।

ਜੇ ਤੁਸੀਂ ਜਾਂ ਤੁਹਾਡਾ/ਡੀ ਪਤੀ/ਪਤਨੀ ਦੋਵੇਂ ਹੀ ਕੈਨੇਡਾ ਵਿੱਚ ਨਹੀਂ ਰਹਿੰਦੇ ਹੋ, ਤਾਂ ਤੁਸੀਂ *ਤਲਾਕ ਅਧਿਨਿਯਮ* ਦੇ ਤਹਿਤ ਤਲਾਕ ਨਹੀਂ ਲੈ ਸਕਦੇ। ਪਰ, ਸੀਮਤ ਹਾਲਾਤਾਂ ਵਿੱਚ, ਜੇ ਤੁਸੀਂ ਕੁਝ ਮਾਨਦੰਡਾਂ ਨੂੰ ਪੂਰਾ ਕਰਦੇ ਹੋ ਤਾਂ ਤੁਸੀਂ *ਸਿਵਲ ਮੈਰਿਜ ਅਧਿਨਿਯਮ* (Civil Marriage Act) ਦੇ ਤਹਿਤ ਆਪਣਾ ਵਿਆਹ ਖਤਮ ਕਰ ਸਕਦੇ ਹੋ।

### ਤਲਾਕ ਕੀ ਹੈ?

ਤਲਾਕ ਇੱਕ ਕਨੂੰਨੀ ਪ੍ਰਕਿਰਿਆ ਹੈ ਜਿਸ ਵਿੱਚੋਂ ਗੁਜ਼ਰਨਾ ਕਿਸੇ ਵਿਵਾਹਿਤ ਜੋੜੇ ਲਈ ਆਪਣਾ ਵਿਆਹ ਖਤਮ ਕਰਨ ਲਈ ਲਾਜ਼ਮੀ ਹੁੰਦਾ ਹੈ। ਸਿਰਫ ਵਿਵਾਹਿਤ ਜੋੜਾ ਹੀ ਤਲਾਕ ਲੈ ਸਕਦਾ ਹੈ, ਅਤੇ ਸਿਰਫ ਅਦਾਲਤ ਹੀ ਤਲਾਕ ਦੇ ਸਕਦੀ ਹੈ। ਇੱਕ ਵਾਰੀ ਪ੍ਰਕਿਰਿਆ ਖਤਮ ਹੋ ਜਾਣ ਤੇ, ਅਦਾਲਤ ਤਲਾਕ ਦਾ ਸਰਟੀਫਿਕੇਟ ਜਾਰੀ ਕਰੇਗੀ ਜਿਸ ਵਿੱਚ ਇਸ ਗੱਲ ਦਾ ਪ੍ਰਮਾਣ ਹੋਏਗਾ ਕਿ ਤੁਸੀਂ ਹੁਣ ਵਿਆਹੇ ਨਹੀਂ ਹੋ।

### ਤਲਾਕ ਲਈ ਕਿਹੜੇ ਕਨੂੰਨ ਲਾਗੂ ਹੁੰਦੇ ਹਨ?

*ਤਲਾਕ ਅਧਿਨਿਯਮ* ਇੱਕ ਸੰਘੀ ਕਨੂੰਨ ਹੈ ਜੋ ਉਦੋਂ ਲਾਗੂ ਹੁੰਦਾ ਹੈ ਜਦੋਂ ਕਿਸੇ ਵਿਵਾਹਿਤ ਜੋੜੇ ਨੇ ਤਲਾਕ ਦੀ ਮੰਗ ਕੀਤੀ ਹੋਵੇ ਜਾਂ ਕੈਨੇਡਾ ਵਿੱਚ ਪਹਿਲਾਂ ਤੋਂ ਤਲਾਕਸ਼ੁਦਾ ਹੋਵੇ। ਤਲਾਕ ਲੈਣ ਵਾਸਤੇ ਸ਼ਰਤਾਂ ਨਿਰਧਾਰਿਤ ਕਰਨ ਤੋਂ ਇਲਾਵਾ, ਇਸ ਵਿੱਚ ਤਲਾਕ ਦੇ ਮਾਮਲਿਆਂ ਵਿੱਚ, ਚਾਈਲਡ ਸਪੋਰਟ, ਸਪਾਉਜ਼ਲ ਸਪੋਰਟ ਅਤੇ ਬੱਚਿਆਂ ਲਈ ਪਰਵਰਿਸ਼ ਪ੍ਰਬੰਧਾਂ ਵਰਗੇ ਮੁੱਦਿਆਂ ਦਾ ਸਮਾਧਾਨ ਕੀਤਾ ਜਾਂਦਾ ਹੈ। ਕੁਝ ਮੁੱਦਿਆਂ ਉੱਤੇ ਸੂਬਾਈ ਜਾਂ ਖੇਤਰੀ ਕਨੂੰਨ ਵੀ ਲਾਗੂ ਹੁੰਦੇ ਹਨ ਜਿਵੇਂ ਵਿਵਾਹ ਦੀ ਸਾਂਝੀ ਜਾਇਦਾਦ ਦੀ ਵੰਡ।

ਸੂਬਾਈ ਜਾਂ ਖੇਤਰੀ ਕਨੂੰਨ ਉਨ੍ਹਾਂ ਵਿਵਾਹਿਤ ਜੋੜਿਆਂ ਤੇ ਲਾਗੂ ਹੁੰਦੇ ਹਨ ਜੋ ਵੱਖਰੇ ਹੋ ਜਾਂਦੇ ਹਨ ਪਰ ਤਲਾਕ ਲਈ ਅਰਜ਼ੀ ਨਹੀਂ ਦਿੰਦੇ, ਅਤੇ ਉਨ੍ਹਾਂ ਅਵਿਵਾਹਿਤ ਜੋੜਿਆਂ ਤੇ ਲਾਗੂ ਹੁੰਦੇ ਹਨ ਜੋ ਵੱਖਰੇ ਹੋ ਜਾਂਦੇ ਹਨ। ਇਹ ਕਨੂੰਨ ਆਮ ਤੌਰ ਤੇ *ਤਲਾਕ ਅਧਿਨਿਯਮ* ਦੇ ਤਹਿਤ ਆਉਂਦੇ ਕਨੂੰਨਾਂ ਵਰਗੇ ਹੀ ਹਨ, ਬਸ ਇਨ੍ਹਾਂ ਵਿੱਚ ਥੋੜ੍ਹੇ ਹੀ ਅੰਤਰ ਹਨ। ਇਨ੍ਹਾਂ ਕਨੂੰਨਾਂ ਬਾਰੇ ਜਾਣਕਾਰੀ ਤੁਹਾਡਾ ਸੂਬਾਈ ਜਾਂ ਖੇਤਰੀ ਨਿਆਂ ਮੰਤਰਾਲਾ ਜਾਂ ਅਟਾਰਲੀ ਜਨਰਲ ਤੋਂ ਉਪਲਬਧ ਹੈ।

### ਮੈਂ ਕੈਨੇਡਾ ਵਿੱਚ ਤਲਾਕ ਕਿਵੇਂ ਲਵਾਂ?

ਤੁਹਾਨੂੰ ਤਲਾਕ ਲੈਣ ਲਈ, ਉਸ ਸੂਬੇ ਜਾਂ ਖੇਤਰ ਦੀ ਅਦਾਲਤ ਨੂੰ ਅਰਜ਼ੀ ਦੇਣ ਦੀ ਲੋੜ ਹੁੰਦੀ ਹੈ ਜਿਸ ਵਿੱਚ ਤੁਸੀਂ ਜਾਂ ਤੁਹਾਡੇ ਪਤੀ/ਪਤਨੀ ਰਹਿੰਦੇ ਹਨ। ਤਲਾਕ ਅਰਜ਼ੀ ਦੇ ਫਾਰਮ ਅਤੇ ਕਾਰਜ-ਵਿਧੀਆਂ ਹਰੇਕ ਸੂਬੇ ਅਤੇ ਖੇਤਰ ਦੇ ਮੁਤਾਬਕ ਵੱਖ-ਵੱਖ ਹੁੰਦੀਆਂ ਹਨ। ਆਪਣੇ ਸੂਬੇ ਜਾਂ ਖੇਤਰ ਵਿੱਚ ਤਲਾਕ ਕਿਵੇਂ ਲੈਣਾ ਹੈ ਇਸ ਬਾਰੇ ਜਾਣਕਾਰੀ ਤੁਹਾਡਾ ਸੂਬਾਈ ਜਾਂ ਖੇਤਰੀ ਨਿਆਂ ਮੰਤਰਾਲਾ ਜਾਂ ਅਟਾਰਲੀ ਜਨਰਲ ਤੋਂ ਉਪਲਬਧ ਹੈ।



Canada

**ਕੀ ਤਲਾਕ ਲੈਣ ਲਈ ਮੈਨੂੰ ਕਿਸੇ ਕਾਰਨ ਦੀ ਲੋੜ ਹੈ?**

ਤਲਾਕ ਲੈਣ ਲਈ, ਤੁਹਾਨੂੰ ਦਿਖਾਉਣਾ ਹੋਏਗਾ ਕਿ ਤੁਹਾਡਾ ਵਿਆਹ ਹੇਠ ਦਿੱਤੇ ਤਿੰਨ ਤਰੀਕਿਆਂ ਵਿੱਚੋਂ ਕਿਸੇ ਇੱਕ ਦੇ ਕਾਰਨ ਟੁੱਟ ਗਿਆ ਹੈ:

- ਤੁਸੀਂ ਅਤੇ ਤੁਹਾਡਾ ਪਤੀ/ਪਤਨੀ ਵੱਖਰੇ ਹੋ ਗਏ ਹੋ ਅਤੇ ਘੱਟੋ-ਘੱਟ ਇੱਕ ਸਾਲ ਤੋਂ ਵੱਖਰੇ ਰਹਿ ਰਹੇ ਹੋ; **ਜਾਂ**
- ਤੁਹਾਡੇ ਪਤੀ/ਪਤਨੀ ਨੇ ਸਰੀਰਕ ਜਾਂ ਮਾਨਸਿਕ ਤੌਰ ਤੇ ਤੁਹਾਡੇ ਨਾਲ ਨਿਰਦਈ ਵਿਹਾਰ ਕੀਤਾ ਹੈ, ਜਿਸ ਵਜੋਂ ਇਕੱਠੇ ਰਹਿੰਦੇ ਰਹਿਣਾ ਅਸਹਿਣਸ਼ੀਲ ਹੋ ਗਿਆ ਹੈ; **ਜਾਂ**
- ਤੁਹਾਡੇ ਪਤੀ/ਪਤਨੀ ਦੇ ਕਿਸੇ ਦੇ ਨਾਲ ਬਦਕਾਰੀ ਸਬੰਧ ਹਨ।

**ਕੀ ਅਰਜ਼ੀ ਦੇਣ ਤੋਂ ਪਹਿਲਾਂ ਮੇਰੇ ਲਈ ਉਡੀਕ ਕਰਨੀ ਜ਼ਰੂਰੀ ਹੈ?**

ਜੇ ਤੁਸੀਂ ਦਾਅਵਾ ਕਰਦੇ ਹੋ ਕਿ ਤੁਹਾਡਾ ਵਿਆਹ ਟੁੱਟ ਚੁੱਕਾ ਹੈ ਕਿਉਂਕਿ ਤੁਸੀਂ ਅਤੇ ਤੁਹਾਡਾ ਪਤੀ/ਪਤਨੀ ਵੱਖਰੇ ਹੋ ਚੁੱਕੇ ਹੋ, ਤਾਂ ਤੁਹਾਡੇ ਲਈ ਅਰਜ਼ੀ ਦੇਣ ਲਈ ਉਡੀਕ ਕਰਨੀ ਜ਼ਰੂਰੀ ਨਹੀਂ ਹੈ, ਜਦੋਂ ਤਕ ਤੁਹਾਡੇ ਦੁਆਰਾ ਅਰਜ਼ੀ ਦੇਣ ਦੇ ਸਮੇਂ ਤੇ ਤੁਸੀਂ ਅਤੇ ਤੁਹਾਡਾ/ਡੀ ਪਤੀ/ਪਤਨੀ ਵੱਖਰੇ ਰਹਿ ਰਹੇ ਹੋ। ਪਰ, ਇਸ ਤੋਂ ਪਹਿਲਾਂ ਕਿ ਤੁਹਾਨੂੰ ਤਲਾਕ ਦੇ ਦਿੱਤਾ ਜਾਵੇ, ਇਹ ਜ਼ਰੂਰੀ ਹੈ ਕਿ ਤੁਸੀਂ ਅਤੇ ਤੁਹਾਡਾ ਪਤੀ/ਪਤਨੀ ਘੱਟੋ-ਘੱਟ ਇੱਕ ਸਾਲ ਲਈ ਵੱਖਰੇ ਰਹਿ ਰਹੇ ਹੋਵੋ।

ਤੁਸੀਂ ਕਿਸੇ ਵੀ ਸਮੇਂ ਅਰਜ਼ੀ ਦੇ ਸਕਦੇ ਹੋ ਜੇ ਤੁਸੀਂ ਦਾਅਵਾ ਕਰਦੇ ਹੋ ਕਿ ਤੁਹਾਡਾ ਵਿਆਹ ਸਰੀਰਕ ਅਤੇ/ਜਾਂ ਮਾਨਸਿਕ ਨਿਰਦਈਪੁਣੇ ਦੇ ਕਾਰਨ ਜਾਂ ਕਿਸੇ ਹੋਰ ਨਾਲ ਸਰੀਰਕ ਸਬੰਧ ਰੱਖਣ ਦੇ ਕਾਰਨ ਟੁੱਟ ਗਿਆ ਹੈ।

**ਕੀ ਹੁੰਦਾ ਹੈ ਜੇ ਅਸੀਂ ਵੱਖਰੇ ਹੋਣ ਤੋਂ ਬਾਅਦ ਦੁਬਾਰਾ ਫਿਰ ਇਕੱਠੇ ਰਹਿਣ ਦੀ ਕੋਸ਼ਿਸ਼ ਕਰਦੇ ਹਾਂ?**

ਜੇ ਤੁਸੀਂ ਇੱਕ-ਸਾਲ ਵੱਖਰੇ ਰਹਿਣ ਦੇ ਆਧਾਰ ਤੇ ਤਲਾਕ ਲਈ ਅਰਜ਼ੀ ਦਿੱਤੀ ਹੈ, ਤਾਂ ਤੁਸੀਂ ਮੁੜ ਇਕੱਠੇ ਰਹਿਣ ਦੀ ਕੋਸ਼ਿਸ਼ ਵਿੱਚ 90 ਦਿਨਾਂ ਤਕ ਦੁਬਾਰਾ ਇਕੱਠੇ ਰਹਿ ਸਕਦੇ ਹੋ। ਜੇ ਫਿਰ ਵੀ ਇਸਦਾ ਕੋਈ ਫਾਇਦਾ ਨਹੀਂ ਹੁੰਦਾ, ਤਾਂ ਤੁਸੀਂ ਤਲਾਕ ਲਈ ਆਪਣੀ ਕਾਰਵਾਈ ਜਾਰੀ ਰੱਖ ਸਕਦੇ ਹੋ ਜਿਵੇਂ ਤੁਸੀਂ ਉਹ ਸਮਾਂ ਇਕੱਠਾ ਗੁਜਾਰਿਆ ਹੀ ਨਹੀਂ ਹੈ।

**ਕੀ ਹੁੰਦਾ ਹੈ ਜੇ ਸਾਡੇ ਬੱਚੇ ਹਨ?**

ਇਹ ਸਭ ਤੋਂ ਵਧੀਆ ਹੁੰਦਾ ਹੈ ਜੇ ਮਾਪੇ ਚਾਈਲਡ ਸਪੋਰਟ ਅਤੇ ਪਰਵਰਿਸ਼-ਸਬੰਧੀ ਪ੍ਰਬੰਧ ਉੱਤੇ ਸਹਿਮਤੀ ਬਣਾ ਸਕਦੇ ਹਨ। ਪਰ, ਬੇਨਤੀ ਕੀਤੇ ਜਾਣ ਤੇ ਅਦਾਲਤ ਇਨ੍ਹਾਂ ਸਮੱਸਿਆਵਾਂ ਉੱਤੇ, ਤਲਾਕ ਕਾਰਵਾਈ ਦੇ ਹਿੱਸੇ ਵਜੋਂ, ਆਦੇਸ਼ ਦੇ ਸਕਦੀ ਹੈ।

ਅਦਾਲਤ ਸਿਰਫ ਉਦੋਂ ਹੀ ਤਲਾਕ ਦੇ ਸਕਦੀ ਹੈ ਜੇ ਇਸ ਗੱਲ ਦੀ ਸੰਤੁਸ਼ਟੀ ਹੋ ਜਾਂਦੀ ਹੈ ਕਿ ਉਸ ਵਿਆਹ ਤੋਂ ਹੋਏ ਸਾਰੇ ਬੱਚਿਆਂ ਲਈ ਵਾਜਬ ਪਰਵਰਿਸ਼-ਸਬੰਧੀ ਪ੍ਰਬੰਧ ਕੀਤੇ ਗਏ ਹਨ।

**ਮੈਂ ਵਕੀਲ ਦਾ ਖਰਚਾ ਨਹੀਂ ਝੱਲ ਸਕਦਾ/ਦੀ। ਮੈਂ ਆਪਣੇ ਤਲਾਕ ਵਿੱਚ ਕਿੱਥੋਂ ਮਦਦ ਲੈ ਸਕਦਾ/ਦੀ ਹਾਂ?**

ਤੁਹਾਡੇ ਸੂਬੇ ਜਾਂ ਖੇਤਰ ਵਿੱਚ ਅਜਿਹੀਆਂ ਪਰਿਵਾਰਕ ਨਿਆਂ ਸੇਵਾਵਾਂ ਹੋ ਸਕਦੀਆਂ ਹਨ, ਜਿਵੇਂ ਕਿ ਵਿਚੋਲਗੀ, ਜੋ ਤੁਹਾਡੇ ਅਦਾਲਤ ਜਾਣ ਤੋਂ ਪਹਿਲਾਂ ਤੁਹਾਡੀ ਜਾਂ ਤੁਹਾਡੇ ਪਤੀ/ਪਤਨੀ ਦੀ ਇਨ੍ਹਾਂ ਕੁਝ ਜਾਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦੀਆਂ ਹਨ।

**ਕੀ ਮੈਂ ਅਦਾਲਤ ਵਿੱਚ ਖ਼ੁਦ ਦੀ ਨੁਮਾਇੰਦਗੀ ਕਰ ਸਕਦਾ/ਦੀ ਹਾਂ?**

ਪਰਿਵਾਰਕ ਕਨੂੰਨ ਗੁੰਝਲਦਾਰ ਹੋ ਸਕਦੇ ਹਨ। ਤੁਹਾਨੂੰ ਸਿਰਫ ਤੁਹਾਡੀ ਸਥਿਤੀ ਵਿੱਚ ਲਾਗੂ ਹੁੰਦੇ ਵੱਖ-ਵੱਖ ਕਨੂੰਨਾਂ ਬਾਰੇ ਸਮਝਣ ਦੀ ਹੀ ਲੋੜ ਨਹੀਂ ਹੈ, ਬਲਕਿ ਤੁਹਾਨੂੰ ਆਪਣੇ ਸੂਬੇ ਜਾਂ ਖੇਤਰ ਵਿਚਲੀਆਂ ਅਦਾਲਤੀ ਕਾਰਵਾਈਆਂ ਨੂੰ ਵੀ ਸਮਝਣ ਦੀ ਲੋੜ ਹੈ। ਖੁਦ ਦੀ ਨੁਮਾਇੰਦਗੀ ਕੀਤੀ ਜਾਵੇ ਜਾਂ ਨਹੀਂ ਇਸਦਾ ਨਿਰਣਾ ਕਰਨ ਤੋਂ ਪਹਿਲਾਂ, ਆਪਣੇ ਪਰਿਵਾਰਕ ਕਨੂੰਨ ਦੇ ਮੁੱਦਿਆਂ ਵਿੱਚ ਮਦਦ ਪ੍ਰਾਪਤ ਕਰਨ ਲਈ ਕਿਸੇ ਵਕੀਲ ਨਾਲ ਸਲਾਹ-ਮਸ਼ਵਰਾ ਕਰਨਾ ਸਭ ਤੋਂ ਵਧੀਆ ਵਿਚਾਰ ਹੈ, ਭਾਵੇਂ ਤੁਹਾਡੀ ਉਸਦੇ ਨਾਲ ਸਿਰਫ ਇੱਕ ਹੀ ਮੁਲਾਕਾਤ ਹੋਵੇ। ਤੁਹਾਡੇ ਸੂਬੇ ਜਾਂ ਖੇਤਰ ਵਿੱਚ

ਅਜਿਹੀ ਵਕੀਲ ਹਵਾਲਾ ਸੇਵਾ ਹੋ ਸਕਦੀ ਹੈ ਜੋ ਤੁਹਾਨੂੰ ਪਰਿਵਾਰਕ ਕਨੂੰਨ ਦੇ ਅਜਿਹੇ ਵਕੀਲ ਦਾ ਹਵਾਲਾ ਸਕਦੀ ਹੈ ਜੋ ਬਿਨਾਂ ਕੋਈ ਪੈਸਾ ਲਏ ਜਾਂ ਘੱਟ ਕੀਮਤ ਤੇ ਸੰਖੇਪ ਮਸ਼ਵਰਾ ਪ੍ਰਦਾਨ ਕਰ ਸਕੇ।

**ਤਲਾਕ ਕਦੋਂ ਪ੍ਰਭਾਵੀ ਹੁੰਦਾ ਹੈ?**

ਜ਼ਿਆਦਾਤਰ ਮਾਮਲਿਆਂ ਵਿੱਚ, ਜੱਜ ਦੇ ਤਲਾਕ ਦੇਣ ਤੋਂ 31 ਦਿਨਾਂ ਬਾਅਦ ਤਲਾਕ ਪ੍ਰਭਾਵੀ ਹੁੰਦਾ ਹੈ। ਅਦਾਲਤ ਦੁਆਰਾ ਤਲਾਕ ਮਨਜ਼ੂਰ ਕਰਨ ਤੋਂ ਬਾਅਦ, ਪੂਰਵ ਪਤੀ/ਪਤਨੀ ਤਲਾਕ ਅਤੇ ਇਸਦੇ ਪ੍ਰਭਾਵੀ ਹੋਣ ਦੀ ਤਾਰੀਖ ਦੀ ਪੁਸ਼ਟੀ ਕਰਦੇ ਹੋਏ ਤਲਾਕ ਸਰਟੀਫਿਕੇਟ ਦੀ ਮੰਗ ਕਰ ਸਕਦੇ ਹਨ।

**ਮੈਂ ਆਪਣੇ ਤਲਾਕ ਸਰਟੀਫਿਕੇਟ ਦੀ ਕਾਪੀ ਕਿਵੇਂ ਪ੍ਰਾਪਤ ਕਰਾਂ?**

ਆਪਣੇ ਤਲਾਕ ਸਰਟੀਫਿਕੇਟ ਦੀ ਕਾਪੀ ਪ੍ਰਾਪਤ ਕਰਨ ਲਈ, ਤੁਹਾਨੂੰ ਉਸ ਅਦਾਲਤ ਨੂੰ ਸੰਪਰਕ ਕਰਨ ਦੀ ਲੋੜ ਹੈ ਜਿਸਨੇ ਤਲਾਕ-ਸਬੰਧੀ ਕਾਰਵਾਈ ਕੀਤੀ ਸੀ।

ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਕਿਸ ਅਦਾਲਤ ਨੇ ਤੁਹਾਡੇ ਤਲਾਕ ਦੀ ਕਾਰਵਾਈ ਕੀਤੀ ਸੀ, ਤਾਂ ਤੁਸੀਂ ਤਲਾਕ ਕਾਰਵਾਈ ਲਈ ਸੈਂਟਰਲ ਰਜਿਸਟਰੀ (Central Registry of Divorce Proceedings) ਨੂੰ ਸੰਪਰਕ ਕਰਕੇ ਇਸਦਾ ਪਤਾ ਲਗਾ ਸਕਦੇ ਹੋ। ਰਜਿਸਟਰੀ ਤੁਹਾਨੂੰ ਤਲਾਕ ਬਾਰੇ ਵਿਸਤ੍ਰਿਤ ਜਾਣਕਾਰੀ ਜਾਂ ਤੁਹਾਡੇ ਤਲਾਕ ਸਰਟੀਫਿਕੇਟ ਦੀ ਕਾਪੀ ਨਹੀਂ ਦੇ ਸਕਦੀ। ਰਜਿਸਟਰੀ ਸਿਰਫ ਤੁਹਾਨੂੰ ਉਸ ਅਦਾਲਤ ਦਾ ਪਤਾ ਦੇ ਸਕਦੀ ਹੈ ਜਿਸਨੇ ਤਲਾਕ ਕਾਰਵਾਈ ਕੀਤੀ ਸੀ ਅਤੇ ਇੱਕ ਹਵਾਲਾ ਨੰਬਰ ਦੇ ਸਕਦੀ ਹੈ ਜਿਸ ਨਾਲ ਅਦਾਲਤ ਨੂੰ ਤੁਹਾਡੇ ਰਿਕਾਰਡ ਲੱਭਣ ਵਿੱਚ ਮਦਦ ਮਿਲੇਗੀ।

ਰਜਿਸਟਰੀ ਨੂੰ ਸੰਪਰਕ ਕਰਨ ਲਈ:

- 613-957-4519 ਤੇ ਕਾਲ ਕਰੋ ਜਾਂ, ਸਿਰਫ ਸੁਣਨ-ਸਬੰਧੀ ਮੁਸ਼ਕਲ ਵਾਲੇ ਵਿਅਕਤੀ 1-800-267-7676 ਤੇ ਕਾਲ ਕਰਨ; ਜਾਂ
- ਖੋਜ ਅਰਜ਼ੀ ਫਾਰਮ ਭਰੋ ਅਤੇ ਇਸਨੂੰ ਫਾਰਮ ਤੇ ਦਿੱਤੇ ਪਤੇ ਤੇ ਭੇਜੋ।

ਕਿਰਪਾ ਕਰਕੇ ਕਾਲ ਕਰਦੇ ਸਮੇਂ ਯਕੀਨੀ ਬਣਾਓ ਕਿ ਤੁਹਾਡੇ ਕੋਲ ਹੇਠ ਦਿੱਤੀ ਸਾਰੀ ਜਾਣਕਾਰੀ ਮੌਜੂਦ ਹੋਵੇ:

- ਤੁਹਾਡੇ ਅਤੇ ਤੁਹਾਡੇ ਪੂਰਵ ਪਤੀ/ਪਤਨੀ ਦੋਹਾਂ ਦਾ ਪੂਰਾ ਨਾਂ ਅਤੇ ਜਨਮ ਤਾਰੀਖ; ਅਤੇ,
- ਤੁਹਾਡੇ ਵਿਆਹ ਦੀ ਤਾਰੀਖ।

***ਜਸਟਿਸ ਕੈਨੇਡਾ (Justice Canada) ਵੱਲੋਂ ਉਪਲਬਧ ਤਲਾਕ ਅਤੇ ਵੱਖ ਹੋਣ ਬਾਰੇ ਮੁਫਤ ਜਾਣਕਾਰੀ ਲੈਣ ਲਈ ਇਹ ਛੋਟਾ ਵੀਡਿਓ ਦੇਖੋ, ਜਾਂ ਸਾਡੀ ਵੈਬਸਾਈਟ ਤੇ ਜਾਓ:***

## ***Canada.ca/family-law***

**ਅਸਵੀਕਰਨ:** ਇਹ ਕੋਈ ਕਨੂੰਨੀ ਲੇਖ ਨਹੀਂ ਹੈ ਅਤੇ ਕਨੂੰਨੀ ਸਲਾਹ ਪ੍ਰਦਾਨ ਨਹੀਂ ਕਰਦਾ। ਪਰਿਵਾਰਕ ਕਨੂੰਨ ਗੁੰਝਲਦਾਰ ਹੋ ਸਕਦਾ ਹੈ, ਇਸ ਲਈ ਕਿਸੇ ਪਰਿਵਾਰਕ ਕਨੂੰਨ ਦੇ ਵਕੀਲ ਤੋਂ ਆਪਣੀ ਸਥਿਤੀ ਬਾਰੇ ਸਲਾਹ ਲੈਣਾ ਵਿਅਕਤੀਆਂ ਲਈ ਆਮ ਤੌਰ ਤੇ ਸਭ ਤੋਂ ਵਧੀਆ ਰਹਿੰਦਾ ਹੈ। ਇਹ ਵਕੀਲ, ਅਧਿਕਾਰਾਂ ਅਤੇ ਜਿੰਮੇਵਾਰੀਆਂ ਬਾਰੇ ਕਨੂੰਨੀ ਸਲਾਹ ਦੇਣ ਵਿੱਚ ਕਾਫੀ ਮਾਹਰ ਅਤੇ ਤਜ਼ਰਬੇਕਾਰ ਹੁੰਦੇ ਹਨ। ਜ਼ਿਆਦਾਤਰ ਸੂਬਾਈ ਅਤੇ ਖੇਤਰੀ ਬਾਰ ਸੰਸਥਾਵਾਂ ਵਕੀਲ ਹਵਾਲਾ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਕੁਝ ਵਕੀਲ ਸ਼ੁਰੂਆਤੀ ਮਸ਼ਵਰਾ ਮੁਫ਼ਤ ਜਾਂ ਘੱਟ ਕੀਮਤ ਤੇ ਦੇ ਸਕਦੇ ਹਨ, ਜਾਂ ਵਿਅਕਤੀ ਆਪਣੀ ਖਾਸ ਸਥਿਤੀ ਦੇ ਸਿਰਫ ਕੁਝ ਖਾਸ ਪਹਿਲੂਆਂ ਵਿੱਚ ਹੀ ਮਦਦ ਲੈਣ ਲਈ ਵਕੀਲ ਨਾਲ ਸਲਾਹ-ਮਸ਼ਵਰਾ ਕਰਨ ਦਾ ਫੈਸਲਾ ਕਰ ਸਕਦੇ ਹਨ।